Acute Services Division

NHS Greater Glasgow and Clyde

# ਥੱਲੜੇ ਅੰਗ ਦੇ ਕੱਟੇ ਜਾਣ ਤੋਂ ਬਾਅਦ ਡ੍ਰਾਈਵਿੰਗ

**ਬਾਰੇ ਜਾਣਕਾਰੀ**

**(Information about Driving after lower limb amputation – Punjabi)**

**ਵੈਸਟਮਾਰਕ (WestMARC)**

ਪੱਛਮੀ ਸਕੌਟਲੈਂਡ ਦਾ ਗਤੀਸ਼ੀਲਤਾ ਅਤੇ ਮੁੜ-ਵਸੇਬਾ ਸੈਂਟਰ

**1. ਮੈਂ ਫਿਰ ਤੋਂ ਡ੍ਰਾਈਵਿੰਗ ਕਰਣਾ ਚਾਹੁੰਦਾ/ਦੀ ਹਾਂ, ਮੈਨੂੰ ਕਿਸ ਚੀਜ਼ ਬਾਰੇ ਸੁਚੇਤ ਰਹਿਣ ਦੀ ਲੋੜ ਹੈ?**

ਅੰਗਛੇਦ (ਐਮਪਯੂਟੇਸ਼ਨ) ਤੋਂ ਬਾਅਦ ਗੱਡੀ ਚਲਾਉਣ ਵਿੱਚ ਤੁਹਾਡੀਆਂ ਡ੍ਰਾਇਵਿੰਗ ਆਦਤਾਂ ਨੂੰ ਬਦਲਣਾ ਸ਼ਾਮਲ ਹੈ। ਤੁਹਾਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਤੁਸੀਂ ਆਪਣੀ ਗੱਡੀ ਨੂੰ ਸੁਰੱਖਿਅਤ ਢੰਗ ਨਾਲ ਕੰਟਰੋਲ ਕਰਨ ਦੇ ਯੋਗ ਹੋ। ਅਸੀਂ ਤੁਹਾਨੂੰ ਸਲਾਹ ਦਿੰਦੇ ਹਾਂ ਕਿ ਤੁਸੀਂ ਗੱਡੀ ਵਾਪਸ ਚਲਾਉਣ ਦੀ ਸੰਭਾਵਨਾ ਬਾਰੇ ਚਰਚਾ ਕਰਨ ਲਈ ਆਪਣੇ ਜੀਪੀ ਨਾਲ ਸੰਪਰਕ ਕਰੋ।

ਸੜਕ 'ਤੇ ਮੋਟਰ ਵਾਹਨ ਚਲਾਉਣਾ, ਜਦੋਂ ਤੁਹਾਡਾ ਉਸ ਵਾਹਨ ਉੱਤੇ ਪੂਰੀ ਤਰ੍ਹਾਂ ਨਿਯੰਤਰਣ ਨਹੀਂ ਹੈ, ਇੱਕ ਜੁਰਮ (ਸੜਕ ਆਵਾਜਾਈ ਐਕਟ 1991) ਹੈ।

ਮਾਹਿਰਾਂ ਦੀ ਸਲਾਹ ਲਈ, ਅਸੀਂ ਹਮੇਸ਼ਾ ਇਹ ਸਿਫ਼ਾਰਿਸ਼ ਕਰਦੇ ਹਾਂ ਕਿ ਤੁਸੀਂ **ਸਕਾਟਿਸ਼ ਡਰਾਈਵਿੰਗ ਅਸੈਸਮੈਂਟ ਸਰਵਿਸ,** ਐਸਟਲੀ ਐਨਜ਼ਲੀ ਹਸਪਤਾਲ, ਐਡਿਨਬਰ੍ਹਾ ਟੈਲੀਫ਼ੋਨ: - 0131 537 9192 ਨਾਲ ਸੰਪਰਕ ਕਰੋ। ਸਕਾਟਿਸ਼ ਡਰਾਈਵਿੰਗ ਅਸੈੱਸਮੈਂਟ ਸਰਵਿਸ ਮੁਆਫ਼ਕ ਕੀਤੀਆਂ ਕਾਰਾਂ ਵਿੱਚ ਵਿਅਕਤੀਗਤ ਡਰਾਈਵਿੰਗ ਅਸੈੱਸਮੈਂਟ ਦਾ ਪ੍ਰਬੰਧ ਵੀ ਕਰ ਸਕਦੀ ਹੈ।

**2. ਮੈਂ ਡੀਵੀਐਲਏ (DVLA) ਨੂੰ ਇਹ ਦੱਸਣ ਲਈ ਉਹਨਾਂ ਨਾਲ ਕਿਵੇਂ ਸੰਪਰਕ ਕਰਾਂ ਕਿ ਮੇਰਾ ਅੰਗਛੇਦ ਹੋਇਆ ਹੈ?**

ਜੇਕਰ ਤੁਸੀਂ ਗੱਡੀ ਚਲਾਉਣਾ ਸਿੱਖ ਰਹੇ ਹੋ ਜਾਂ ਅੰਗਛੇਦ ਤੋਂ ਬਾਅਦ ਡ੍ਰਾਈਵਿੰਗ ਵੱਲ ਵਾਪਸ ਆ ਰਹੇ ਹੋ, ਤਾਂ ਤੁਸੀਂ **ਕਾਨੂੰਨੀ ਤੌਰ 'ਤੇ ਆਪਣੇ ਅੰਗ ਕੱਟੇ ਜਾਣ ਬਾਰੇ ਡਰਾਈਵਰ ਅਤੇ ਵਾਹਨ ਲਾਇਸੰਸਿੰਗ ਏਜੰਸੀ (ਡੀਵੀਐਲਏ ) ਨੂੰ ਦੱਸਣ ਲਈ ਪਾਬੰਦ ਹੋ।** ਤਰਜੀਹੀ ਤੌਰ 'ਤੇ ਤੁਹਾਨੂੰ ਇਹ ਲਿਖਤੀ ਰੂਪ ਵਿੱਚ ਕਰਨਾ ਚਾਹੀਦਾ ਹੈ। ਜਾਂ ਤੁਸੀਂ ਡੀਵੀਐਲਏ, ਡਰਾਈਵਰਾਂ ਦੀ ਮੈਡੀਕਲ ਵੈੱਬਸਾਈਟ (www.gov.uk/government/organisations/driver-and-vehicle-licensing-agency) ਤੋਂ ਢੁਕਵੀਂ ਡਰਾਈਵਰ ਦੀ ਪ੍ਰਸ਼ਨਾਵਲੀ ਡਾਊਨਲੋਡ ਕਰ ਸਕਦੇ ਹੋ ਜਾਂ ਔਨਲਾਈਨ ਫਾਰਮ ਭਰ ਸਕਦੇ ਹੋ।

**3. ਕੀ ਮੈਨੂੰ ਆਪਣੀ ਬੀਮਾ ਕੰਪਨੀ ਨੂੰ ਦੱਸਣਾ ਪਵੇਗਾ ਅਤੇ ਕੀ ਇਹ ਮੇਰੇ ਪ੍ਰੀਮੀਅਮ ਨੂੰ ਵਧਾਏਗਾ?**

**ਡ੍ਰਾਈਵਿੰਗ ਸ਼ੁਰੂ ਕਰਨ ਤੋਂ ਪਹਿਲਾਂ,** ਤੁਹਾਨੂੰ ਤੁਹਾਡੇ ਡ੍ਰਾਈਵਿੰਗ ਲਾਇਸੈਂਸ ਦੀ ਕਿਸੇ ਵੀ ਸੀਮਾ ਦੇ ਨਾਲ-ਨਾਲ, ਆਪਣੇ ਅੰਗਛੇਦ ਬਾਰੇ ਅਤੇ ਕਿਸੇ ਵੀ ਡਰਾਈਵਿੰਗ ਸੋਧ ਬਾਰੇ ਆਪਣੀ ਬੀਮਾ ਕੰਪਨੀ ਨੂੰ ਦੱਸਣਾ ਚਾਹੀਦਾ ਹੈ। ਜੇਕਰ ਤੁਸੀਂ **ਕਿਸੇ ਅਪਾਹਜਤਾ ਦਾ ਐਲਾਨ ਕਰਨ ਵਿੱਚ ਅਸਫਲ ਰਹਿੰਦੇ ਹੋ ਤਾਂ ਇਹ ਕਿਸੇ ਵੀ ਇਨਸ਼ਯੋਰੈਂਸ ਕਲੇਮ ਨੂੰ ਰੱਦ ਕਰ ਸਕਦਾ ਹੈ।**

ਕੁਝ ਬੀਮਾ ਕੰਪਨੀਆਂ ਵਧੇ ਹੋਏ ਪ੍ਰੀਮੀਅਮ ਦੀ ਮੰਗ ਕਰ ਸਕਦੀਆਂ ਹਨ, ਪਰ ਬੀਮਾ ਦੀਆਂ ਕੀਮਤਾਂ ਦੀ ਤੁਲਨਾ ਕਰਨ ਭਾਇਦੇਮੰਦ ਹੈ। ਸਮਾਨਤਾ ਐਕਟ (2010) ਦੁਆਰਾ ਬਹੁਤ ਜ਼ਿਆਦਾ ਪ੍ਰੀਮੀਅਮ ਦੀਆਂ ਬੇਨਤੀਆਂ ਨੂੰ ਰੋਕਿਆ ਜਾਣਾ ਚਾਹੀਦਾ ਹੈ। ਅਪਾਹਜ ਡਰਾਈਵਰਾਂ ਲਈ ਕਵਰ ਪ੍ਰਦਾਨ ਕਰਨ ਵਿੱਚ ਮਾਹਰ ਬੀਮਾ ਕੰਪਨੀਆਂ ਦੇ ਵੇਰਵੇ ਸਕਾਟਿਸ਼ ਡਰਾਈਵਿੰਗ ਅਸੈੱਸਮੈਂਟ ਸਰਵਿਸ ਤੋਂ ਉਪਲਬਧ ਹਨ, ਜੋ ਉਨ੍ਹਾਂ ਬੀਮਾ ਕੰਪਨੀਆਂ ਦੇ ਵੇਰਵੇ ਪ੍ਰਦਾਨ ਕਰ ਸਕਦੇ ਹਨ ਜੋ ਅਪਾਹਜ ਡਰਾਈਵਰਾਂ ਲਈ ਕਵਰ ਪ੍ਰਦਾਨ ਕਰਦੀਆਂ ਹਨ।

## 4. ਕੀ ਕੋਈ ਕਾਰ ਲੈਣ ਲਈ ਵਿੱਤ ਜਾਂ ਅਨੁਕੂਲਤਾਵਾਂ ਨਾਲ ਫਿੱਟ ਕਰਨ ਲਈ ਭੁਗਤਾਨ ਕਰਨ ਵਿੱਚ ਮਦਦ ਲਈ ਕੋਈ ਫੰਡਿੰਗ ਉਪਲਬਧ ਹੈ?

ਫੰਡਿੰਗ ਉਪਲਬਧ ਹੈ ਜੇਕਰ ਤੁਸੀਂ ਪ੍ਰਾਪਤ ਕਰਦੇ ਹੋ:

- ਡਿਸਏਬਲਡ ਲਿਵਿੰਗ ਅਲਾਉਂਸ (ਡੀ.ਐਲ.ਏ) ਦੀ ਉੱਚੇਰੀ ਦਰ
- ਪਰਸਨਲ ਇੰਡੀਪੈਂਡੈਂਟ ਪੇਅਮੈਂਟ (ਪੀ.ਆਈ.ਪੀ) ਦੀ ਵਧੀ ਹੋਈ ਦਰ
- ਵਾਰ ਪੈਨਸ਼ਨਰਸ ਮੋਬਿਲਿਟੀ ਸਪਲੀਮੈਂਟ (ਡਬਲਯੂ.ਪੀ.ਐਮ.ਐਸ) ਜਾਂ
- ਆਰਮਡ ਫੋਰਸਿਜ਼ ਇੰਡੀਪੈਂਡੈਂਸ ਪੇਮੈਂਟ (ਏ.ਐਫ.ਆਈ..ਪੀ)।

ਇਹ ਸਭ ਤੁਹਾਨੂੰ ਮੋਟੇਬਿਲਟੀ ਸਕੀਮ ਵਿੱਚ ਸ਼ਾਮਲ ਹੋਣ ਦੇ ਯੋਗ ਬਣਾਉਂਦੇ ਹਨ।

ਹੋਰ ਜਾਣਕਾਰੀ ਲਈ ਜਾਓ **www.motability.co.uk**

**ਮੋਟੇਬਿਲਟੀ ਸਕੀਮ ਦੇ ਲਾਭਾਂ ਵਿੱਚ ਸ਼ਾਮਲ ਹਨ:-**

- ਕਾਰ ਲੀਜ਼ 'ਤੇ ਲੇਣ ਦੀ ਲਾਗਤ ਲਈ ਆਪਣੇ ਲਾਭ ਦਾ ਗਤੀਸ਼ੀਲਤਾ ਹਿੱਸਾ ਸਪੁਰਦ ਕਰੋ।
- ਹਰ 3 ਸਾਲ ਬਾਅਦ ਨਵੀਂ ਕਾਰ।
- ਕੋਈ ਸੜਕ ਟੈਕਸ ਜਾਂ ਬੀਮੇ ਦੀ ਲਾਗਤ ਨਹੀਂ।
- ਸੜਕ ਕਿਨਾਰੇ ਦੀ ਮੁਫ਼ਤ ਰਿਕਵਰੀ

**ਰਿਆਇਤਾਂ:-**

- ਉੱਚੇਰੀ ਦਰ ਦੀ ਮੋਬਿਲਿਟੀ ਡੀ.ਐਲ.ਏ. ਜਾਂ ਵਧੀ ਹੋਈ ਦਰ ਦੀ ਗਤੀਸ਼ੀਲਤਾ ਪੀ.ਆਈ.ਪੀ. ਪ੍ਰਾਪਤ ਕਰਨ ਵਾਲੇ ਲੋਕ ਰੋਡ ਟੈਕਸ ਦਾ ਭੁਗਤਾਨ ਕਰਨ ਤੋਂ ਛੋਟ ਲਈ ਅਰਜ਼ੀ ਦੇ ਸਕਦੇ ਹਨ, ਬਸ਼ਰਤੇ ਕਿ ਕਾਰ ਕੇਵਲ ਅੰਗਛੇਦ ਵਿਅਕਤੀ ਦੀ ਇਕੱਲੇ ਦੀ ਵਰਤੋਂ ਲਈ ਹੋਵੇ।
- ਨਵੀਆਂ ਕਾਰਾਂ ਨੂੰ ਟੈਕਸ ਤੋਂ ਛੋਟ (ਡਿਲੀਵਰੀ ਤੋਂ ਪਹਿਲਾਂ) ਹੋ ਸਕਦੀ ਹੈ ਜੇਕਰ ਇਸਨੂੰ ਅਪਾਹਜ ਡਰਾਈਵਰ ਦੀ ਇਕੱਲੇ ਦੀ ਵਰਤੋਂ ਲਈ ਮੁਆਫ਼ਕ ਬਣਾਇਆ ਜਾਂਦਾ ਹੈ।
- ਅਪਾਹਜ ਵਿਅਕਤੀਆਂ ਲਈ ਪਾਰਕਿੰਗ ਰਿਆਇਤਾਂ ਪ੍ਰਦਾਨ ਕਰਨ ਲਈ ਸਥਾਨਕ ਤੌਰ 'ਤੇ ਬਲੂ ਬੈਜ ਸਕੀਮਾਂ ਉਪਲਬਧ ਹਨ। ਹੋਰ ਸਲਾਹ ਲਈ ਕਿਰਪਾ ਕਰਕੇ ਆਪਣੀ ਸਥਾਨਕ ਅਥਾਰਟੀ ਜਾਂ ਆਕਯੂਪੇਸ਼ਨਲ ਥੈਰਾਪਿਸਟ ਨਾਲ ਸੰਪਰਕ ਕਰੋ।

**ਜੇਕਰ ਫੰਡਿੰਗ ਉਪਲਬਧ ਨਹੀਂ ਹੈ:-**

ਜੇਕਰ ਤੁਸੀਂ ਉਪਰੋਕਤ ਬੇਨੀਫਿੱਟਾਂ ਦੀ ਪ੍ਰਾਪਤੀ ਵਿੱਚ ਨਹੀਂ ਹੋ, ਤਾਂ ਤੁਹਾਨੂੰ ਇੱਕ ਕਾਰ ਜਾਂ ਅਨੁਕੂਲ ਬਣਾਉਣ ਲਈ ਕਿਸੇ ਤਬਦੀਲੀ ਲਈ ਭੁਗਤਾਨ ਕਰਨਾ ਪੈ ਸਕਦਾ ਹੈ। ਤੁਸੀਂ ਫੰਡਿੰਗ ਵਿੱਚ ਸਹਾਇਤਾ ਲਈ ਕਿਸੇ ਚੈਰਿਟੀ ਨਾਲ ਸੰਪਰਕ ਕਰਨਾ ਚਾਹ ਸਕਦੇ ਹੋ। ਕੁਝ ਚੈਰਿਟੀ ਵਾਹਨ ਅਨੁਕੂਲਨ ਲਈ ਗ੍ਰਾਂਟਾਂ ਪ੍ਰਦਾਨ ਕਰਨ ਯੋਗ ਹਨ।

**ਚੈਰਿਟੀ ਚੌਇਸ** - ਆਨਲਾਈਨ ਚੈਰਿਟੀ ਡਾਇਰੈਕਟਰੀ ਗ੍ਰਾਂਟ ਦੇਣ ਵਾਲੀਆਂ ਚੈਰਿਟੀਆਂ ਨੂੰ ਲੱਭਣ ਲਈ ਖੋਜ ਸੇਵਾ ਪ੍ਰਦਾਨ ਕਰਦੀ ਹੈ।

ਟੈਲੀ: **020 7324 2365 www.charitychoice.co.uk**

**ਟਰਨ2ਅਸ –** ਵਿੱਤੀ ਲੋੜ ਵਾਲੇ ਲੋਕਾਂ ਲਈ ਇੱਕ ਵੈਬਸਾਈਟ:
ਗ੍ਰਾਂਟ ਦੇਣ ਵਾਲੀਆਂ ਚੈਰਿਟੀਆਂ ਨੂੰ ਲੱਭਣ ਲਈ ਖੋਜ ਸੇਵਾ ਵੀ ਪ੍ਰਦਾਨ ਕਰਦੀ ਹੈ।

**www.turn2us.org.uk**

**5. ਮੇਰੀ ਸੱਜੀ ਲੱਤ ਕੱਟੀ ਗਈ (ਐਮਪਯੂਟੇਸ਼ਨ) ਹੈ, ਮੈਨੂੰ ਕੀ ਵਿਚਾਰ ਕਰਨ ਦੀ ਲੋੜ ਹੈ?**

ਅਸੀਂ ਤੁਹਾਨੂੰ ਸਲਾਹ ਦੇਵਾਂਗੇ ਕਿ ਤੁਸੀਂ ਇੱਕ ਆਟੋਮੈਟਿਕ ਕਾਰ ਵਿੱਚ ਜਾਂ ਤਾਂ ਹੱਥਾਂ ਦੇ ਕੰਟ੍ਰੋਲ ਵਾਲੀ ਜਾਂ ਖੱਬੇ ਪੈਰ ਦੇ ਐਕਸਲੇਰੇਟਰ ਵਾਲੀ ਗੱਡੀ ਚਲਾਓ। ਤੁਹਾਨੂੰ ਆਟੋਮੈਟਿਕ ਲਾਇਸੰਸ ਬਾਰੇ ਡੀਵੀਐਲਏ ਨਾਲ ਸੰਪਰਕ ਕਰਨ ਦੀ ਲੋੜ ਹੋਵੇਗੀ।

**ਹੱਥਾਂ ਦੇ ਕੰਟ੍ਰੋਲ:**

- ਹੱਥਾਂ ਦੇ ਕੰਟ੍ਰੋਲ ਐਕਸਲੇਟਰ ਅਤੇ ਬ੍ਰੇਕ ਨੂੰ ਚਲਾਉਂਦੇ ਹਨ।
- ਅਸੀਂ ਹੱਥਾਂ ਦੇ ਕੰਟ੍ਰੋਲ ਦੀ ਸਲਾਹ ਦੇਵਾਂਗੇ ਜੇਕਰ ਤੁਹਾਨੂੰ ਤੁਹਾਡੇ ਖੱਬੇ ਪੈਰ ਨੂੰ ਪ੍ਰਭਾਵਿਤ ਕਰਨ ਵਾਲੀਆਂ ਸੰਚਾਰ ਜਾਂ ਸੰਵੇਦਨਾ ਦੀਆਂ ਸਮੱਸਿਆਵਾਂ ਹਨ।
- ਅਸੀਂ ਇੱਕ ਮਾਨਤਾ ਪ੍ਰਾਪਤ ਡ੍ਰਾਈਵਿੰਗ ਇੰਸਟ੍ਰਕਟਰ ਦੇ ਨਾਲ ਡ੍ਰਾਈਵਿੰਗ ਸਬਕ ਦੀ **ਪੁਰਜ਼ੋਰ ਸਿਫਾਰਸ਼** ਕਰਾਂਗੇ। ਤੁਹਾਨੂੰ ਮਾਹਰ **ਸਲਾਹ** ਦੀ ਲੋੜ ਪਵੇਗੀ।
- ਦੋ-ਪੱਖੀ (ਦੋਵੇਂ) ਹੇਠਲੇ ਅੰਗਾਂ ਦੇ ਅੰਗ ਕੱਟਣ ਵਾਲਿਆਂ ਲਈ ਸਿਰਫ਼ ਹੱਥਾਂ ਦੇ ਕੰਟ੍ਰੋਲ ਹੀ ਇੱਕ ਚੋਣ ਹੈ।

**ਖੱਬੇ ਪੈਰ ਤੇ ਐਕਸੀਲੇਰੇਟਰ**

- ਐਕਸੀਲੇਰੇਟ ਕਰਨ ਵਾਲੇ ਪੈਡਲ ਨੂੰ ਅਸਲ ਸਥਿਤੀ ਤੋਂ ਵੱਖ ਕੀਤਾ ਜਾਂਦਾ ਹੈ ਅਤੇ ਬ੍ਰੇਕ ਪੈਡਲ ਦੇ ਖੱਬੇ ਪਾਸੇ ਮੁੜ ਜੋੜਿਆ ਜਾਂਦਾ ਹੈ।
- ਇਸ ਸੋਧ ਦੇ ਫਾਇਦੇ ਇਹ ਹਨ ਕਿ ਪਰੰਪਰਾਗਤ ਡਰਾਈਵਿੰਗ ਦੀ ਆਗਿਆ ਦੇਣ ਲਈ ਐਕਸੀਲੇਰੇਟਰ ਪੈਡਲ ਨੂੰ ਆਗਿਆ ਦੇਣ ਲਈ ਅਸਲ ਸਥਿਤੀ ਵਿੱਚ ਵਾਪਸ ਫਲਿਪ ਕੀਤਾ ਜਾ ਸਕਦਾ ਹੈ। ਲਾਭਦਾਇਕ ਹੈ ਜੇ ਪਰਿਵਾਰ ਦੇ ਹੋਰ ਮੈਂਬਰ ਵੀ ਉਸੇ ਕਾਰ ਦੀ ਵਰਤੋਂ ਕਰ ਰਹੇ ਹਨ।
- ਅਡਜੱਸਟ ਕਰਨ ਲਈ ਅਭਿਆਸ ਅਤੇ ਸਮੇਂ ਦੀ ਲੋੜ ਹੁੰਦੀ ਹੈ (ਡਰਾਈਵਰਾਂ ਕੋਲ ਇੱਕ ਮਜ਼ਬੂਤ ਕਲਚ ਪ੍ਰਤੀਕਿਰਿਆ ਹੁੰਦੀ ਹੈ, ਖੱਬੇ ਪੈਰ ਦੇ ਐਕਸਲੇਰੇਟਰ ਨਾਲ, ਐਮਰਜੈਂਸੀ ਸਟਾਪ ਵਿੱਚ ਕਰਨ ਸਮੇਂ ਐਕਸਲੇਰੇਟਰ ਉੱਤੇ ਪੈਰ ਰੱਖਣ ਦਾ ਖ਼ਤਰਾ)।
- ਅਸੀਂ ਤੁਹਾਨੂੰ ਸਲਾਹ ਦੇਵਾਂਗੇ ਕਿ ਇਸ ਵਿਕਲਪ 'ਤੇ ਵਿਚਾਰ ਕਰਨ ਤੋਂ ਪਹਿਲਾਂ, ਇੱਕ ਅਨੁਕੂਲਿਤ ਕਾਰ ਵਿੱਚ ਇੱਕ ਮਾਨਤਾ ਪ੍ਰਾਪਤ ਡ੍ਰਾਈਵਿੰਗ ਇੰਸਟ੍ਰਕਟਰ ਦੇ ਨਾਲ ਸਬਕ ਲਓ।
- **ਇਹ ਇੱਕ ਚੋਣ ਨਹੀਂ ਹੈ** ਜੇਕਰ ਤੁਹਾਨੂੰ ਸੰਚਾਰ ਜਾਂ ਪ੍ਰਤਿਬੰਧਿਤ ਸੰਵੇਦਨਾ (ਉਦਾਹਰਨ ਲਈ ਨਿਊਰੋਪੈਥੀ) ਦੀ ਸਮੱਸਿਆ ਹੈ।

**6. ਮੇਰੀ ਖੱਬੀ ਲੱਤ ਕੱਟੀ ਗਈ (ਐਮਪਯੂਟੇਸ਼ਨ) ਹੈ, ਮੈਨੂੰ ਕੀ ਵਿਚਾਰ ਕਰਨ ਦੀ ਲੋੜ ਹੈ?**

ਅਸੀਂ ਤੁਹਾਨੂੰ ਇੱਕ ਆਟੋਮੈਟਿਕ ਕਾਰ ਚਲਾਉਣ ਦੀ ਸਲਾਹ ਦੇਵਾਂਗੇ।

ਅਸੀਂ ਤੁਹਾਨੂੰ ਸਲਾਹ ਦੇਵਾਂਗੇ ਕਿ ਤੁਸੀਂ ਆਪਣੀ ਖੱਬੀ ਨਕਲੀ ਲੱਤ ਨਾਲ ਕਲੱਚ ਨੂੰ ਸੰਚਾਲਿਤ ਕਰਦੇ ਹੋਏ ਇੱਕ ਮੈਨੂਅਲ ਕਾਰ ਨਾ ਚਲਾਓ ਕਿਉਂਕਿ:-

- ਜੇਕਰ ਤੁਸੀਂ ਆਪਣਾ ਨਕਲੀ ਅੰਗ (ਪ੍ਰੋਸਥੇਸਿਸ) ਪਹਿਨਣ ਵਿੱਚ ਅਸਮਰੱਥ ਹੋ, ਤਾਂ ਤੁਸੀਂ ਆਪਣੀ ਕਾਰ ਚਲਾਉਣ ਵਿੱਚ ਅਸਮਰੱਥ ਹੋਵੋਗੇ।
- ਸੰਵੇਦਨਾ ਦੀ ਕਮੀ, ਜੇਕਰ ਤੁਹਾਡਾ ਨਕਲੀ ਪੈਰ ਕਲੱਚ ਪੈਡਲ ਤੋਂ ਤਿਲਕ ਕੇ ਐਕਸੀਲੇਰੇਟਰ ਪੈਡਲ 'ਤੇ ਚਲਾ ਜਾਂਦਾ ਹੈ, ਜਾਂ ਸੰਭਾਵੀ ਤੌਰ 'ਤੇ ਕਿਸੇ ਦੂਜੇ ਪੈਡਲ ਦੇ ਹੇਠਾਂ ਫੱਸ ਜਾਂਦਾ ਹੈ, ਤਾਂ ਤੁਹਾਨੂੰ ਪਤਾ ਨਹੀਂ ਲੱਗੇਗਾ।

**7. ਜੇਕਰ ਮੈਨੂੰ ਆਟੋਮੈਟਿਕ ਕਾਰ ਨਹੀਂ ਚਾਹੀਦੀ ਤਾਂ ਕੀ ਕੋਈ ਹੋਰ ਵਿਕਲਪ ਹਨ?**

ਪੁਸ਼ ਬਟਨ ਕਲਚ ਅਤੇ ਸੇਮੀ-ਆਟੋਮੈਟਿਕ ਕਲਚ ਜਾਂ ਸਰਵੋ ਅਸਿਸਟੇਡ ਕਲਚ ਵੀ ਉਪਲਬਧ ਹਨ, ਪਰ ਤੁਹਾਨੂੰ ਮਾਹਰ ਸਲਾਹ ਦੀ ਲੋੜ ਹੋਵੇਗੀ। ਕਿਰਪਾ ਕਰਕੇ ਸਕਾਟਿਸ਼ ਡ੍ਰਾਈਵਿੰਗ ਅਸੈਸਮੈਂਟ ਸੇਵਾ ਨਾਲ ਸੰਪਰਕ ਕਰੋ।

ਜੇਕਰ ਤੁਸੀਂ ਇੱਕ ਅਨੁਕੂਲਿਤ (ਅਡੈਪਟੇਡ) ਮੈਨੂਅਲ ਕਾਰ ਚਲਾਉਂਦੇ ਹੋ ਪਰ ਤੁਹਾਡਾ ਲਾਇਸੰਸ ਸਿਰਫ਼ ਆਟੋਮੈਟਿਕ ਵਾਹਨਾਂ ਲਈ ਹੈ, ਤਾਂ ਤੁਹਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕਲਚ ਪੈਡਲ ਹਟਾ ਦਿੱਤਾ ਗਿਆ ਹੈ।

**8. ਕਾਰ ਦੀ ਚੋਣ ਕਰਦੇ ਸਮੇਂ ਮੈਨੂੰ ਕਿਹੜੀਆਂ ਚੀਜ਼ਾਂ ਬਾਰੇ ਵਿਚਾਰ ਕਰਨਾ ਚਾਹੀਦਾ ਹੈ?**

- ਅੰਗ ਕੱਟੇ ਜਾਣ ਤੋਂ ਬਾਅਦ ਇੱਕ ਆਟੋਮੈਟਿਕ ਕਾਰ ਅਕਸਰ ਕਾਰ ਚਲਾਉਣ ਦਾ ਸਭ ਤੋਂ ਸੁਰੱਖਿਅਤ ਤਰੀਕਾ ਹੈ।
- ਤੁਹਾਡੇ ਪ੍ਰੋਸਥੇਸਿਸ ਦੇ ਨਾਲ ਜਾਂ ਇਸਦੇ ਬਗੈਰ ਕਾਰ ਦੇ ਅੰਦਰ ਵੜਨ ਜਾਂ ਬਾਹਰ ਨਿਕਲਣ ਦਾ ਸੌਖ।
- ਵ੍ਹੀਲਚੇਅਰ ਦੀ ਉਚਾਈ ਦੇ ਮੁਕਾਬਲੇ ਕਾਰ ਦੀ ਉਚਾਈ
- ਦਰਵਾਜ਼ੇ ਦੀ ਦਹਲੀਜ਼ ਦੀ ਉਚਾਈ ਜਾਂ ਪ੍ਰੋਸਥੇਸਿਸ ਨੂੰ ਉੱਪਰ ਚੁੱਕਣ ਦੀ ਸਮਰੱਥਾ।
- ਉਪਲਬਧ ਸੀਟ ਵਿਵਸਥਾ ਦੀ ਸੀਮਾ, ਉਦਾਹਰਨ ਲਈ ਸੀਟ ਕਿੰਨੀ ਪਿੱਛੇ ਜਾ ਸਕਦੀ ਹੈ, ਕੀ ਵੱਦੇ ਹੋਏ ਰਨਰਸ ਦੀ ਲੋੜ ਹੈ ਆਦਿ।
- ਥੱਲੇ ਤੁਹਾਡੇ ਨਕਲੀ ਅੰਗ ਲਈ ਚੰਗੀ ਥਾਂ ਹੈ? ਜਾਂ ਸਟੀਅਰਿੰਗ ਵ੍ਹੀਲ ਦੇ ਹੇਠਾਂ ਜੇਕਰ ਤੁਹਾਡੇ ਗੋਡੇ ਦੇ ਉੱਤੇ ਤੁਹਾਡਾ ਅੰਗਛੇਦ (ਟ੍ਰਾਂਸ ਫੀਮੋਰਲ) ਹੋਇਆ ਹੈ।
- ਖਰੀਦਣ ਤੋਂ ਪਹਿਲਾਂ ਅਜ਼ਮਾਓ। ਕਾਰ ਖਰੀਦਣ ਤੋਂ ਪਹਿਲਾਂ ਅਮਲੀ ਤੌਰ 'ਤੇ ਕਾਰ ਦੇ ਅੰਦਰ ਵੜਨਾ ਜਾਂ ਬਾਹਰ ਨਿਕਲਣਾ ਅਜ਼ਮਾਓ।

- ਤੁਸੀਂ ਬੂਟ ਵਿੱਚ ਵ੍ਹੀਲਚੇਅਰ ਜਾਂ ਗਤੀਸ਼ੀਲਤਾ ਸਹਾਇਕ ਚੀਜ਼ਾਂ ਕਿਵੇਂ ਰੱਖੋਗੇ।
- ਹੈਚ ਬੈਕ ਕਾਰਾਂ ਵਿੱਚ ਅਕਸਰ ਉੱਚੇ ਬੂਟ ਹੁੰਦੇ ਹਨ, ਵ੍ਹੀਲਚੇਅਰ ਨੂੰ ਚੁੱਕ ਕੇ ਅੰਦਰ ਰੱਖਣਾ ਜਾਂ ਬਾਹਰ ਕੱਢਣਾ ਮੁਸ਼ਕਲ ਹੋ ਸਕਦਾ ਹੈ। ਕੀ ਤੁਹਾਡੇ ਕੋਲ ਆਪਣੀ ਵ੍ਹੀਲਚੇਅਰ ਨੂੰ ਬੰਦ ਕਰਨ ਅਤੇ ਬੂਟ ਵਿੱਚ ਰੱਖਣ ਲਈ ਸੰਤੁਲਨ ਹੈ?
- ਪਟ੍ਰੋਲ, ਕਾਰ ਨੂੰ ਭਰਨ ਯੋਗ ਹੋਣ ਲਈ ਤੁਹਾਨੂੰ ਕਿਹੜੀਆਂ ਤਕਨੀਕਾਂ ਦੀ ਲੋੜ ਹੈ?

## 9. ਕੋਈ ਅੰਤਿਮ ਸੁਝਾਅ?

ਅੰਗ ਕੱਟੇ ਜਾਣ ਤੋਂ ਬਾਅਦ ਅਸੀਂ ਸਿਫ਼ਾਰਿਸ਼ ਕਰਦੇ ਹਾਂ ਕਿ ਤੁਸੀਂ ਇੱਕ ਪ੍ਰਵਾਨਿਤ ਡ੍ਰਾਈਵਿੰਗ ਇੰਸਟ੍ਰਕਟਰ ਨਾਲ ਇੱਕ ਢੁਕਵੀਂ ਅਨੁਕੂਲ ਕਾਰ ਵਿੱਚ ਸਬਕ ਲਓ। ਇਹ ਤੁਹਾਨੂੰ ਕਿਸੇ ਵੀ ਅਨੁਕੂਲਿਤ ਸਾਜ਼ੋ-ਸਾਮਾਨ ਦੇ ਨਾਲ, ਤੁਹਾਡੇ ਡ੍ਰਾਈਵਿੰਗ ਹੁਨਰ ਦਾ ਅਭਿਆਸ ਕਰਨ ਅਤੇ ਅਨੁਕੂਲਿਤ ਕਰਨ ਦੀ ਇਜਾਜ਼ਤ ਦੇਣ ਲਈ ਹੈ। ਇੱਕ ਪ੍ਰਵਾਨਿਤ ਇੰਸਟ੍ਰਕਟਰ ਦੇ ਨਾਲ ਡਰਾਈਵਿੰਗ ਸਬਕ, ਇੱਕ ਸੁਤੰਤਰ ਪਾਰਟੀ ਦੁਆਰਾ ਤੁਹਾਡੀ ਯੋਗਤਾ ਦਾ ਪ੍ਰਦਰਸ਼ਨ ਵੀ ਕਰੇਗਾ।

## 10. ਹੋਰ ਜਾਣਕਾਰੀ

ਬਾਅਦ ਅੰਗਛੇਦ ਤੋਂ ਬਾਅਦ ਗੱਡੀ ਚਲਾਉਣ ਦੀ ਸਲਾਹ ਦੇ ਅਤੇ ਅਨੁਕੂਲਤਾ ਦੀਆਂ ਕਿਸਮਾਂ ਉਪਲਬਧ ਹਨ, ਕਿਰਪਾ ਕਰਕੇ ਦੇਖੋ – www.rica.org.uk/content/ motoring-after-amputation

**ਅੰਤਿਕਾਵਾਂ**

1. **ਅਨੁਕੂਲਿਤ ਕਾਰਾਂ ਵਾਲੇ ਸਥਾਨਕ ਡ੍ਰਾਈਵਿੰਗ ਸਕੂਲ।**
2. **ਸਕਾਟਲੈਂਡ ਵਿੱਚ ਸੋਧ ਮਾਹਿਰ।**

**ਯਾਦ ਰੱਖੋ ਕਿ ਇਹ ਪਰਚਾ ਸਿਰਫ਼ ਆਮ ਮਾਰਗਦਰਸ਼ਨ ਲਈ ਹੈ। ਡ੍ਰਾਈਵਰ ਕਾਨੂੰਨੀ ਤੌਰ 'ਤੇ ਇਹ ਯਕੀਨੀ ਬਣਾਉਣ ਲਈ ਪਾਬੰਦ ਹੈ ਕਿ ਉਨ੍ਹਾਂ ਕੋਲ ਵਾਹਨ ਦਾ ਪੂਰਾ ਨਿਯੰਤਰਣ ਹੈ।**

**ਇਹ ਪਰਚਾ ਸਿਰਫ਼ ਆਮ ਮਾਰਗਦਰਸ਼ਨ ਲਈ ਹੈ।**

## ਸੰਪਰਕ ਵੇਰਵੇ

**ਪਤਾ:**

ਵੈਸਟਮਾਰਕ (WestMARC),
ਕੁਵੀਨ ਐਲੀਜ਼ਾਬੇਥ ਯੂਨੀਵਰਸਿਟੀ ਹਸਪਤਾਲ

1345 Govan Road,
Glasgow G51 4TF

**ਖੁਲ੍ਹਣ ਦੇ ਸਮੇਂ:**

ਸੋਮਵਾਰ ਤੋਂ ਸ਼ੁੱਕਰਵਾਰ: ਸਵੇਰੇ 8.30 ਵਜੇ - ਸ਼ਾਮੀਂ 4.30 ਵਜੇ

ਟੈਲੀਫੋਨ: 0844 811 3001

ਸੋਮਵਾਰ ਤੋਂ ਸ਼ੁੱਕਰਵਾਰ: ਸਵੇਰੇ 8:45 ਵਜੇ – ਸ਼ਾਮੀਂ 4:15 ਵਜੇ

ਈ-ਮੇਲ ਪਤਾ: westmarc@ggc.scot.nhs.uk

ਸਕਾਟਿਸ਼ ਆਕੂਪੇਸ਼ਨਲ ਥੈਰੇਪੀ ਐਂਪਿਊਟੀ ਗਰੁੱਪ ਪ੍ਰੋਸਥੈਟਿਕਸ ਓਟੀ ਵੈਸਟਮਾਰਕ ਅਪ੍ਰੈਲ 2018 ਦੁਆਰਾ ਨਿਰਮਿਤ

## ਅੰਤਿਕਾ 1

**ਸਕਾਟਿਸ਼ ਡ੍ਰਾਈਵਿੰਗ ਅਸੈੱਸਮੈਂਟ ਸਰਵਿਸ**

ਟੈਲੀ: 0131 537 9192

**ਆਟੋਮੈਟਿਕ ਅਤੇ ਅਨੁਕੂਲਿਤ ਵਾਹਨ ਵਾਲੇ ਡ੍ਰਾਈਵਿੰਗ ਸਕੂਲ ਸਟ੍ਰੈਥਕਲਾਈਡ**

| | |
|---|---|
| **ਬੈਕਸਟਰ ਸਕੂਲ ਆਫ ਮੋਟਰਿੰਗ**<br>21 Bowling Green Road Strathaven<br>Lanarkshire ML10 6DR<br>ਟੈਲੀ: **0800 731 2720**<br>ਈਮੇਲ: **baxterdrivingschool@hotmail.co.uk**<br>ਵੈਬ: **www.baxterdrivingschool.co.uk**<br>**ਕਵਰ ਕੀਤਾ ਖੇਤਰ:** ਲਾਨਾਰਕਸ਼ਾਇਰ ਅਤੇ ਪੂਰਾ ਗਲਾਸਗੋ | **ਪਾਵਰ ਸਟੀਅਰਿੰਗ ਨਾਲ ਨਿਸਾਨ ਮਾਈਕਰਾ ਆਟੋਮੈਟਿਕ (3 ਉਪਲਬਧ)**<br>(ਕਿਸੇ ਵਾਹਨ ਵਿੱਚ ਸਧਾਰਨ ਸੋਧਾਂ ਫਿੱਟ ਕਰਨ ਵਿੱਚ ਖੁਸ਼ ਜੇ ਵਿਦਿਆਰਥੀ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਜਿਵੇਂ ਕਿ ਸਟੀਅਰਿੰਗ ਵ੍ਹੀਲ ਘੁੰਡੀ, ਇੰਡੀਕੇਟਰ ਐਕਸਟੈਂਸ਼ਨ ਆਦਿ)<br>ਆਟੋਮੈਟਿਕ ਕਾਰਾਂ ਵਾਲੇ ਪੁਰਸ਼ ਅਤੇ ਮਹਿਲਾ ਇੰਸਟ੍ਰਕਟਰ<br>(ਨਵਪੂਰਤ ਅਕਤੂਬਰ 2019) |

| | |
|---|---|
| **ਬ੍ਰਿਟਿਸ਼ ਸਕੂਲ ਆਫ ਮੋਟਰਿੰਗ (ਬੀਐਸਐਮ)**<br>(ਐਲਾਸਟੇਅਰ ਵਾਰਡ)<br>ਗਲਾਸਗੋ<br>ਟੈਲੀ: **08457 276 276**<br>(ਰਾਸ਼ਟਰੀ ਬੀਐਸਐਮ ਨੰ.)<br>ਮੋਬਾਈਲ: **07830 333213**<br>(ਐਲਾਸਟੇਅਰ ਵਾਰਡ)<br>**ਈਮੇਲ: aliward1971@live.co.uk**<br>**ਵੈਬ: www.bsm.co.uk**<br>**ਕਵਰ ਕੀਤਾ ਖੇਤਰ:** ਗਲਾਸਗੋ, ਗਲਾਸਗੋ ਦੇ ਦੱਖਣੀ ਪਾਸੇ ਤੱਕ। | **ਪੀਜੋਟ 308 ਪਾਵਰ ਸਟੀਅਰਿੰਗ ਦੇ ਨਾਲ ਆਟੋਮੈਟਿਕ**<br>**ਵਿਕਲਪਿਕ:**<br>• ਸੱਜੇ ਹੱਥ ਵਾਲੀ ਧੱਕਣ; ਖਿੱਚਣ ਵਾਲੀ ਬ੍ਰੇਕ, ਐਕਸੀਲੇਰੇਟਰ<br>• ਸਟੀਅਰਿੰਗ ਵ੍ਹੀਲ ਘੁੰਡੀ, ਸਪੋਕ<br>• ਖੱਬੇ, ਸੱਜੇ ਇੰਡੀਕੇਟਰ<br>• ਖੱਬੇ ਪੈਰ ਐਕਸਲੇਰੇਟਰ<br>• ਟੀ-ਬਾਰ ਹੈਂਡ ਬ੍ਰੇਕ ਸੋਧ<br>• ਵਾਧੂ ਨਿਯੰਤਰਣ ਲਈ ਇਨਫਰਾ-ਰੈੱਡ ਯੂਨਿਟ<br>(ਨਵਪੂਰਤ ਅਕਤੂਬਰ 2019) |

| | |
|---|---|
| **ਬ੍ਰਿਟਿਸ਼ ਸਕੂਲ ਆਫ ਮੋਟਰਿੰਗ**<br>(ਬੀਐਸਐਮ) (ਟੌਮ ਬਾਇਲਸ)<br>ਹੈਮਿਲਟਨ<br>ਮੋਬਾਈਲ: **07889 019892**<br>ਈਮੇਲ: **t.byles@btinternet.com**<br>ਵੈਬ**: www.bsm.co.uk**<br>**ਕਵਰ ਕੀਤਾ ਖੇਤਰ:**<br>ਉੱਤਰੀ ਅਤੇ ਦੱਖਣੀ ਲਾਨਰਕਸ਼ਾਇਰ, ਪੁਰਵੀ ਅਤੇ ਉੱਤਰੀ ਗਲਾਸਗੋ: ਹੈਮਿਲਟਨ, ਮਦਰਵੈਲ, ਏਅਰਡ੍ਰੀ, ਕੰਬਰਨੋਡ, ਪੂਰਵੀ ਕਿਲਬਰਾਈਡ, ਉਡਿੰਗਸਟਨ, ਬਲੈਨਟਾਇਰ, ਕੋਟਬ੍ਰਿਜ ਅਤੇ ਗਲਾਸਗੋ ਦਾ ਪੂਰਵੀ ਸਿਰਾ। | **ਪੀਜੋਟ 308 ਪਾਵਰ ਸਟੀਅਰਿੰਗ ਦੇ ਨਾਲ ਆਟੋਮੈਟਿਕ**<br>**ਵਿਕਲਪਿਕ:**<br>• ਸੱਜੇ ਹੱਥ ਵਾਲੀ ਧੱਕਣ; ਖਿੱਚਣ ਵਾਲੀ ਬ੍ਰੇਕ, ਐਕਸੀਲੇਰੇਟਰ<br>• ਸਟੀਅਰਿੰਗ ਵ੍ਹੀਲ ਘੁੰਡੀ, ਸਪੋਕ, ਲੋਲੀਪਾਪ ਮੁੱਠ<br>• ਖੱਬੇ, ਸੱਜੇ ਇੰਡੀਕੇਟਰ<br>• ਖੱਬੇ ਪੈਰ ਐਕਸਲੇਰੇਟਰ<br>• ਆਟੋਮੈਟਿਕ ਹੈਂਡ ਬ੍ਰੇਕ<br>• ਵਾਧੂ ਨਿਯੰਤਰਣ ਲਈ ਇਨਫਰਾ-ਰੈੱਡ ਯੂਨਿਟ<br>• ਸਟੀਅਰਿੰਗ ਘੁੰਡੀ, ਲੋਲੀਪਾਪ ਮੁੱਠ ਨਾਲ ਵਾਧੂ ਨਿਯੰਤਰਣ ਲਈ ਇਨਫਰਾ-ਰੈੱਡ ਯੂਨਿਟ<br>• ਗੱਦੀਆਂ<br>(ਨਵਪੂਰਤ ਅਕਤੂਬਰ 2019) |
| **ਬ੍ਰਿਟਿਸ਼ ਸਕੂਲ ਆਫ ਮੋਟਰਿੰਗ**<br>**(ਬੀਐਸਐਮ)** (ਜੈਰੀ ਐਂਡਰਸਨ)<br>ਕਿਲਮਾਰਨੌਕ<br>ਮੋਬਾਈਲ: **07903 246005**<br>ਈ-ਮੇਲ: **gerald.anderson1@ btopenworld.com**<br>**ਕਵਰ ਕੀਤਾ ਖੇਤਰ:** ਜਿਆਦਾਤਰ ਆਇਰਸ਼ਾਇਰ। ਜੇਕਰ ਬੀਮਾ ਕੀਤਾ ਗਿਆ ਹੋਵੇ ਤਾਂ ਗਾਹਕ ਦੀ ਆਪਣੀ ਕਾਰ ਵਿੱਚ ਨਿਰਦੇਸ਼ ਦੇਣ ਲਈ ਤਿਆਰ | **ਪੀਜੋਟ 308 ਪਾਵਰ ਸਟੀਅਰਿੰਗ ਦੇ ਨਾਲ ਆਟੋਮੈਟਿਕ**<br>**ਵਿਕਲਪਿਕ:**<br>• ਸੱਜੇ ਹੱਥ ਵਾਲੀ ਧੱਕਣ; ਖਿੱਚਣ ਵਾਲੀ ਬ੍ਰੇਕ, ਐਕਸੀਲੇਰੇਟਰ<br>• ਸਟੀਅਰਿੰਗ ਵ੍ਹੀਲ ਘੁੰਡੀ, ਸਪੋਕ, ਲੋਲੀਪਾਪ ਮੁੱਠ<br>• ਖੱਬੇ, ਸੱਜੇ ਇੰਡੀਕੇਟਰ<br>• ਖੱਬੇ ਪੈਰ ਐਕਸਲੇਰੇਟਰ<br>• ਟੀ-ਬਾਰ ਹੈਂਡ ਬ੍ਰੇਕ ਸੋਧ<br>• ਵਾਧੂ ਨਿਯੰਤਰਣ ਲਈ ਬਲੂਟੁੱਥ ਯੂਨਿਟ<br>• ਅਤਿਰਿਕਤ ਸ਼ੀਸ਼ੇ<br>• ਵੱਧੇ ਹੋਏ ਪੈਡਲ<br>(ਨਵਪੂਰਤ ਅਗਸਤ 2019) |

| | |
|---|---|
| **ਜਿਮ ਕੈਂਪਬੈਲ ਡ੍ਰਾਈਵਿੰਗ ਸਕੂਲ**<br>273 Greenrigg Road<br>Cumbernauld G67 2PN<br>ਟੈਲੀ: **01236 612016**<br>ਮੋਬਾਈਲ: **07862 213825**<br>**ਕਵਰ ਕੀਤੇ ਖੇਤਰ**: ਗਲਾਸਗੋ, ਏਅਰਡ੍ਰੀ, ਕੋਟਬ੍ਰਿਜ ਆਦਿ। | **ਆਟੋਮੈਟਿਕ ਕੀਆ ਰੀਓ**<br>ਸਟੀਅਰਿੰਗ ਵ੍ਹੀਲ ਬਾਲ। ਇੱਕ ਮੈਨੂਅਲ ਗਿਅਰ ਵਾਲੀ ਕਾਰ ਵਿੱਚ ਵੀ ਨਿਰਦੇਸ਼ ਦੇ ਸਕਦਾ ਹੈ।<br>(ਨਵਪੂਰਤ ਅਕਤੂਬਰ 2019) |
| **ਬੀਟਲ ਡ੍ਰਾਈਵਰ ਟ੍ਰੇਨਿੰਗ** (ਜੌਨ ਕੈਂਪਬੈਲ) Rosewood Park<br>Hamilton ML3 9HR<br>ਮੋਬਾਈਲ: **07825 168300** – ਕਿਰਪਾ ਕਰਕੇ ਟੈਕਸਟ ਕਰੋ ਜੇ ਸੰਭਵ ਹੈ<br>ਈ-ਮੇਲ: **beetledrivertraining@ gmail.com**<br>**ਕਵਰ ਕੀਤੇ ਖੇਤਰ:** ਗਲਾਸਗੋ ਸਿਟੀ ਸੈਂਟਰ, ਈਸਟ ਐਂਡ, ਸ਼ੌਟਸ, ਪੂਰਵੀ ਕਿਲਬ੍ਰਾਇਡ, ਲਾਨਰਕ ਆਦਿ। | **ਆਟੋਮੈਟਿਕ ਵੀਡਬਲਯੂ (VW) ਬੀਟਲ ਸਪੋਰਟ**<br>ਸਟੀਅਰਿੰਗ ਵ੍ਹੀਲ ਬਾਲ<br>(ਨਵਪੂਰਤ 2019) |
| **ਬ੍ਰਿਟਿਸ਼ ਸਕੂਲ ਆਫ ਮੋਟਰਿੰਗ**<br>(ਥੌਮਸ ਮਾਰਮਿਅਨ) ਗਲਾਸਗੋ G72 7DR<br>ਮੋਬਾਈਲ: 0**7729 612336**<br>ਈ-ਮੇਲ: **thomasmarmion@ btinternet.com**<br>**ਕਵਰ ਕੀਤੇ ਖੇਤਰ:** ਸਾਰੇ ਗਲਾਸਗੋ ਪੋਸਟਕੋਡ ਅਤੇ ML3; 4; 5 | **ਆਟੋਮੈਟਿਕ ਪੀਜੋਟ 308, ਗਾਹਕ ਦੀ ਆਪਣੀ ਕਾਰ**<br>• ਧੱਕਣ, ਖਿੱਚਣ ਵਾਲੇ ਹੱਥ ਦੇ ਕੰਟ੍ਰੋਲ<br>• ਖੱਬੇ ਪੈਰ ਐਕਸਲੇਰੇਟਰ<br>• ਸਟੀਅਰਿੰਗ ਵ੍ਹੀਲ ਘੁੰਡੀ<br>• ਵਾਧੂ ਨਿਯੰਤਰਣ ਲਈ ਇਨਫਰਾ-ਰੈੱਡ ਯੂਨਿਟ<br>• ਕੰਨਵੈਕਸ ਸ਼ੀਸ਼ਾ<br>• ਹੈਂਡਬ੍ਰੇਕ ਐਕਸਟੈਂਸ਼ਨ<br>• ਸਫਰ ਬੋਰਡ, ਹੈਂਡੀਬਾਰ<br>(ਨਵਪੂਰਤ ਜੁਲਾਈ 2019) |

| | |
|---|---|
| **ਲਾਰਗਸ ਸਕੂਲ ਆਫ ਮੋਟਰਿੰਗ**<br>(ਕੈਨੇਥ ਮੁਇਰ)<br>22 St Andrews Drive Bridge of Weir PA11 3HS<br>ਟੈਲੀ: **01475 674880**<br>**0845 230 4880**<br>ਮੋਬਾਈਲ ਨੰਬਰ: **07914 014177**<br>ਈ-ਮੇਲ: **info@lsmdriving.com**<br>**ਕਵਰ ਕੀਤੇ ਖੇਤਰ:** ਲਾਰਗਸ, ਏਅਰ. ਅਰਵਾਈਨ, ਕਿਲਬਰਨੀ, ਬੇਇਥ, ਡਾਰਲੀ, ਗ੍ਰੀਨੋੱਕ, ਸਾਲਟਕੋਟਸ, ਆਰਡ੍ਰੋਸੱਨ, ਪੱਛਮੀ ਕਿਲਬ੍ਰਾਇਡ, ਫੇਅਰਲਾਈ ਅਤੇ ਵਿਚਕਾਰ ਸਾਰੀਆਂ ਥਾਵਾਂ) | **ਆਟੋਮੈਟਿਕ ਕੀਆ ਪਿਕਾਨਟੋ**<br>ਸਟੀਅਰਿੰਗ ਵ੍ਹੀਲ ਬਾਲ<br>(ਨਵਪੂਰਤ ਜੁਲਾਈ 2019) |
| **ਐਂਕਰ ਸਕੂਲ ਆਫ ਮੋਟਰਿੰਗ**<br>(ਮੇਰੀਅ ਟੌਮਲਿਨਸਨ)<br>ਕਾਰਲਾਇਲ<br>ਟੈਲੀ: **01228 522366**<br>**ਕਵਰ ਕੀਤੇ ਖੇਤਰ:** ਡਮਫ੍ਰੀਜ਼ ਸਮੇਤ ਦੱਖਣੀ ਪੱਛਮੀ ਸਕੌਟਲੈਂਡ | **ਆਟੋਮੈਟਿਕ ਰੈਨੋ ਕੈਪਟਰ**<br>• ਖੱਬੇ ਪੈਰ ਐਕਸਲੇਰੇਟਰ<br>• ਧੱਕਣ ਵਾਲੀ ਬ੍ਰੇਕ ਦੇ ਨਾਲ ਹੱਥੀ ਸੰਚਾਲਿਤ ਐਕਸੀਲੇਰੇਟਰ (ਹੁਣ ਸਟੈਂਡਰਡ ਧੱਕਣ, ਖਿੱਚਣ ਵਾਲਾ ਹੱਥੀ ਨਿਯੰਤਰਣ ਨਹੀਂ ਹੈ)<br>• ਓਵਰ ਰਿੰਗ ਐਕਸੀਲੇਰੇਟਰ ਅਤੇ ਪੁਸ਼ ਬ੍ਰੇਕ (ਸੱਜੇ ਅਤੇ ਖੱਬੇ ਪਾਸੇ)<br>• ਵਾਧੂ ਨਿਯੰਤਰਣ ਲਈ ਇਨਫਰਾ-ਰੈੱਡ ਯੂਨਿਟ<br>• ਸਟੀਅਰਿੰਗ ਵ੍ਹੀਲ ਘੁੰਡੀ<br>(ਨਵਪੂਰਤ ਜਨਵਰੀ 2019) |

–

| | |
|---|---|
| **ਹਾਰਵੀਜ਼ ਸਕੂਲ ਆਫ ਮੋਟਰਿੰਗ**<br>**Harvey's School of Motoring**<br>(Peter Harvey)<br>Paisley<br>ਟੈਲੀ: **01505 814823**<br>ਮੋਬਾਈਲ: **07774 139080**<br>ਈ-ਮੇਲ: **harveyssom@**<br>**btinternet.com**ਰ ਕੀਤੇ ਖੇਤਰ: ਪੇਜ਼ਲੀ, ਐਲਡਰਸ਼ਾਇਰ, ਜੌਨਸਟੋਨ, ਬਾਰਹੈੱਡ | **ਆਟੋਮੈਟਿਕ ਨਿਸਾਨ ਨੋਟ**<br>ਸਟੀਅਰਿੰਗ ਵ੍ਹੀਲ ਬਾਲ<br>(ਨਵਪੂਰਤ ਜੂਨ 2019) |
| **ਡੈਨਿਅਲ ਕੈਮਰੋਲ ਡ੍ਰਾਈਵਰ ਟ੍ਰੇਨਿੰਗ**<br>ਟੈਲੀ: **01536 530918**<br>**07920 004026**<br>ਵੈਬ: **www.danielcameron. co.uk**<br>**ਕਵਰ ਕੀਤੇ ਖੇਤਰ:** ਏਅਰਸ਼ਾਇਰ, ਜਿਵੇਂ ਕਿਲਮਾਰਨੌੱਕ, ਅਰਵਾਈਨ, ਟ੍ਰੂਨ, ਆਰਡ੍ਰੋਸੱਨ ਆਦਿ। | **ਆਟੋਮੈਟਿਕ ਫੋਰਡ ਫਿਏਸਤਾ**<br>(ਵਰਤਮਾਨ ਵਿੱਚ ਕੋਈ ਸੋਧ ਨਹੀਂ, ਪਰ ਇੱਕ ਵਿਕਲਪ ਵਜੋਂ ਵਿਚਾਰ ਕੀਤੀ ਜਾ ਰਹੀ ਹੈ)।<br>(ਨਵਪੂਰਤ ਮਾਰਚ 2020) |

**ਹਾਲਾਂਕਿ ਅਸੀਂ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਇਸ ਸ਼ੀਟ 'ਤੇ ਦਿੱਤੀ ਗਈ ਜਾਣਕਾਰੀ ਸਹੀ ਹੈ, ਸਕਾਟਿਸ਼ ਡ੍ਰਾਈਵਿੰਗ ਅਸੈੱਸਮੈਂਟ ਸਰਵਿਸ ਇੱਥੇ ਸੂਚੀਬੱਧ ਸਪਲਾਇਰਾਂ ਜਾਂ ਸੇਵਾਵਾਂ ਦੀ ਗੁਣਵੱਤਾ ਜਾਂ ਲਾਗਤ ਬਾਰੇ ਕੋਈ ਪ੍ਰਤੀਨਿੱਧਤਾ ਜਾਂ ਸਮਰਥਨ ਨਹੀਂ ਕਰਦੀ ਹੈ।**

**ਅਸੀਂ ਇਸ ਜਾਣਕਾਰੀ ਦੀ ਵਰਤੋਂ ਜਾਂ ਕਿਸੇ ਵਿਅਕਤੀ ਦੁਆਰਾ ਇਸ 'ਤੇ ਕੀਤੇ ਕਿਸੇ ਵੀ ਭਰੋਸੇ ਤੋਂ ਪੈਦਾ ਹੋਣ ਵਾਲੀ ਕਿਸੇ ਵੀ ਕਿਸਮ ਦੀ ਦੇਣਦਾਰੀ ਨੂੰ ਸਵੀਕਾਰ ਨਹੀਂ ਕਰ ਸਕਦੇ।**

## ਅੰਤਿਕਾ 2

**ਸਕਾਟਿਸ਼ ਡ੍ਰਾਈਵਿੰਗ ਅਸੈੱਸਮੈਂਟ ਸਰਵਿਸ**

ਟੈਲੀ: 0131 537 9192

**ਸਕੌਟਲੈਂਡ ਵਿੱਚ ਸੋਧ ਮਾਹਰ**

**ਸੇਵਾਵਾਂ ਦੀ ਕੁੰਜੀ: 1** (ਹੱਥਾਂ ਦੇ ਕੰਟ੍ਰੋਲ), **2** (ਵਧੇਰੇ ਪ੍ਰਗਤੀਸ਼ੀਲ ਪ੍ਰਾਇਮਰੀ ਹੱਥ ਨਿਯੰਤਰਣ), **3** (ਹਲਕੇ ਕੀਤੇ ਸਟੀਅਰਿੰਗ, ਬ੍ਰੇਕ, ਪੈਡਲ), **4** (ਪਾਰਕਿੰਗ ਬ੍ਰੇਕ, ਗਿਅਰ, ਕਲੱਚ ਲਈ ਅਨੁਕੂਲਤਾਵਾਂ), **5** (ਸੈਕੰਡਰੀ ਨਿਯੰਤਰਣ), **6** (ਪ੍ਰਗਤੀਸ਼ੀਲ ਕਸਟਮ-ਬਿਲਟ ਕੰਟਰੋਲ ਹੱਲ), **7** (ਬੈਠਣਾ - ਗੱਦੀਆਂ), **8** (ਹੱਥੀਂ ਘੁਮਾਉਣ ਵਾਲੀਆਂ ਸੀਟਾਂ), **9** (ਸੰਚਾਲਿਤ ਲਿਫਟਿੰਗ, ਘੁਮਾਉਣ ਵਾਲੀਆਂ ਸੀਟਾਂ), **10** (ਵ੍ਹੀਲਚੇਅਰ ਹੋਇਸਟ), **11** (ਦੋਹਰੇ ਕੰਟ੍ਰੋਲ ਵਾਲੀ ਬ੍ਰੇਕ)

| | | |
|---|---|---|
| **ਪੀ ਐਲ ਮੋਬੀਲਿਟੀ**<br>Bonnybridge Industrial Estate, Murnin Road, Bonnybridge,<br>Stirlingshire FK4 2BW<br>☎ **01324 562240**<br>**enquiries@plmobility.com**<br>**www.plmobility.org** | 1<br>2<br>3<br>4<br>5<br>6 | 7<br>8<br>9<br>10<br>11 |
| **ਕਾਰ ਕੰਟ੍ਰੋਲਜ਼ ਲਿਮੀਟੇਡ**<br>☎ **07968 073955**<br>**harry@carcontrols.co.uk**<br>**www.dualcontrolsglasgowco.uk** | 11 | |
| **ਐਲਾਈਡ ਮੋਬਿਲਿਟੀ**<br>230 Balmore Road, Glasgow G22 6LJ<br>☎ **0141 336 3211**<br>**info@alliedmobility.com**<br>**www.alliedmobility.com** | 1<br>2<br>3<br>4<br>5 | 6<br>8<br>9<br>10 |

| | |
|---|---|
| **ਟੈੱਕਮੋਬੀਲਿਟੀ ਸਕੌਟਲੈਂਡ**<br>21 High Street East, Anstruther,<br>Fife KY10 3DG<br>☎ **01333 313932**<br>**murray@techmobilityuk.com**<br>**www.techmobilityuk.com** | 1 6<br>2 7<br>3 8<br>4 9<br>5 10 |
| ਸਿਟੀ ਮੋਬੀਲਿਟੀ<br>46a Seafield Road,<br>Inverness IV1 1SG<br>☎ **01463 250850**<br>**info@city-mobility.co.uk**<br>**www.city-mobility.co.uk** | 1 7<br>2 8<br>4 9<br>5 10<br>6 11 |
| **ਜੋਰਜ ਕੋਵਨ ਵੇਹਿਕਲ ਕਨਵਰਜ਼ਨਸ**<br>17 Hilton Road, Cowdenbeath<br>KY4 9EJ<br>☎ 07900 216496<br>**gcvcon@aol.com** | 1<br>2<br>4<br>5<br>10 |
| **ਅਡੈਪਟਮੋਬੀਲਿਟੀ**<br>Auldhill Road, Bridgend, Linlithgow<br>EH49 6NH<br>☎ 01506 834733/ 07826 110452<br>ਈ-ਮੇਲ dav7958@aol.com ਵੈਬ:<br>www.adaptmobility.me.uk | 1 8<br>2 9<br>3 10<br>4<br>5 |

| | |
|---|---|
| **ਦ ਅਡੈਪਟੇਸ਼ਨ ਇਨਸਟਾਲੇਸ਼ਨ ਕੰਪਨੀ (ਏਆਈਸੀ) / ਆਟੋਚੇਅਰ ਲਿਮੀਟੇਡ**<br>Unit 10, 91 Bermont Street,<br>Glasgow G41 1LU<br>☎ 01592 655460<br>**info.glasgow@taic.co.uk**<br>**https://taic.co.uk/**<br>**( www.autochair.co.uk )** | 1 7<br>2 8<br>3 9<br>4 10<br>5 11<br>6 |
| **ਏਜੇਐਨ ਅਡੈਪਟੇਸ਼ਨਸ**<br>39 Forrest Street, St Andrews KY16 8HR<br>☎ 07977 150465<br>ajnadaptions@gmail.com<br>www.ajnadaptions.co.uk | 1 10<br>2 11<br>4<br>5<br>6 |

**ਹਾਲਾਂਕਿ ਅਸੀਂ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਇਸ ਸ਼ੀਟ 'ਤੇ ਦਿੱਤੀ ਗਈ ਜਾਣਕਾਰੀ ਸਹੀ ਹੈ, ਸਕਾਟਿਸ਼ ਡ੍ਰਾਈਵਿੰਗ ਅਸੈੱਸਮੈਂਟ ਸਰਵਿਸ ਇੱਥੇ ਸੂਚੀਬੱਧ ਸਪਲਾਇਰਾਂ ਜਾਂ ਸੇਵਾਵਾਂ ਦੀ ਗੁਣਵੱਤਾ ਜਾਂ ਲਾਗਤ ਬਾਰੇ ਕੋਈ ਪ੍ਰਤੀਨਿੱਧਤਾ ਜਾਂ ਸਮਰਥਨ ਨਹੀਂ ਕਰਦੀ ਹੈ।**

**ਅਸੀਂ ਇਸ ਜਾਣਕਾਰੀ ਦੀ ਵਰਤੋਂ ਜਾਂ ਕਿਸੇ ਵਿਅਕਤੀ ਦੁਆਰਾ ਇਸ 'ਤੇ ਕੀਤੇ ਕਿਸੇ ਵੀ ਭਰੋਸੇ ਤੋਂ ਪੈਦਾ ਹੋਣ ਵਾਲੀ ਕਿਸੇ ਵੀ ਕਿਸਮ ਦੀ ਦੇਣਦਾਰੀ ਨੂੰ ਸਵੀਕਾਰ ਨਹੀਂ ਕਰ ਸਕਦੇ।**

ਸਮੀਖਿਆ ਮਿਤੀ: ਜੂਨ 2024